ਕਹਾਣੀ

# ਮੀਹਾਂ

## ਬੀ.ਕੇ.ਪੰਨੂੰ ਪਰਵਾਜ਼ (ਡਾ.)

ਕਿੱਡੇ ਬਾਦਸ਼ਾਹੀ ਦੇ ਦਿਨ ਹੁੰਦੇ ਨੇ ਬਚਪਨ ਦੇ, ਨਾ ਕੋਈ ਫ਼ਿਕਰ ਨਾ ਫ਼ਾਕਾ, ਮਾਂ ਬਾਪ ਦੇ ਸਿਰ 'ਤੇ ਪੂਰੀ ਐਸ਼! ਖਾਇਆ ਪੀਆ, ਖੇਡੇ ਤੇ ਸੌਂ ਰਹੇ। ਇਹ ਲੋਕੀ ਆਖਦੇ ਨੇ, ਪਰ ਕਈ ਬੱਚੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਇਸ ਬੇ-ਫ਼ਿਕਰੀ ਦੀ ਉਮਰੇ ਵੀ ਕੋਈ ਨਾ ਕੋਈ ਦਰਦ ਆ ਚਿੰਬੜਦਾ ਏ। ਅਜਿਹਾ ਇੱਕ ਬੱਚਾ ਕਦੇ ਮੈਂ ਵੀ ਹੁੰਦੀ ਸਾਂ। ਲੋਕਾਂ ਦਾ ਦਰਦ ਆਪਣੇ ਦਿਲ 'ਚ ਸਮਾਉਣ ਵਾਲੀ।

ਜ਼ਿੰਦਗੀ 'ਚ ਕਈ ਹਾਦਸੇ ਵਾਪਰਦੇ ਹਨ, ਪਰ ਕਈ ਗੱਲਾਂ ਦਿਲ ਨੂੰ ਇਸ ਤਰ੍ਹਾਂ ਟੁੰਬ ਜਾਂਦੀਆਂ ਹਨ ਕਿ ਉਨ੍ਹਾਂ ਦੀ ਛਾਪ ਦਿਲ ਤੋਂ ਉਮਰ ਭਰ ਨਹੀਂ ਮਿਟਦੀ। ਦਿਮਾਗ਼ ਵਿਚ ਇਸ ਤਰ੍ਹਾਂ ਘਰ ਕਰ ਲੈਂਦੀਆਂ ਹਨ ਕਿ ਲੱਖ ਕੱਢਣ ਦੀ ਕੋਸ਼ਿਸ਼ ਕਰਿਆਂ ਵੀ ਨਹੀਂ ਨਿਕਲਦੀਆਂ, ਭਾਵੇਂ ਕਿੰਨਾ ਸਮਾਂ ਕਿਉਂ ਨਾ ਬੀਤ ਜਾਏ! ਉਨ੍ਹਾਂ ਦਾ ਇੱਕ ਇੱਕ ਕਣ ਸ਼ੀਸ਼ੇ ਵਾਂਗ ਸਾਫ਼ ਦਿਖਾਈ ਦਿੰਦਾ ਰਹਿੰਦਾ ਹੈ। ਅਜਿਹਾ ਹੀ ਇੱਕ ਦ੍ਰਿਸ਼ ਮੇਰੀਆਂ ਅੱਖਾਂ ਸਾਮ੍ਹਣੇ ਵਾਰ ਵਾਰ ਆ ਜਾਂਦਾ ਹੈ ਅਤੇ ਮੈਨੂੰ ਨਿੰਮੋਝੂਣੀ ਕਰ ਜਾਂਦਾ ਹੈ।

ਮੇਰੀ ਉਮਰ ਕੋਈ ਬਾਰਾਂ ਕੁ ਵਰ੍ਹਿਆਂ ਦੀ ਸੀ ਅਤੇ ਮੇਰੇ ਮਾਤਾ ਪਿਤਾ ਉਸ ਵੇਲੇ ਇੱਕ ਪਿੰਡ ਵਿਚ ਰਹਿੰਦੇ ਸਨ। ਮੇਰੇ ਪਿਤਾ ਜੀ ਰਈਸ ਹੁੰਦੇ ਸਨ ਅਤੇ ਉਨ੍ਹਾਂ ਨੂੰ ਕਈ ਪਿੰਡਾਂ ਦੀ ਜਾਗੀਰ ਮਿਲਦੀ ਸੀ। ਸਾਡੀਆਂ ਬਹੁਤ ਸਾਰੀਆਂ ਜ਼ਮੀਨਾਂ ਹੁੰਦੀਆਂ ਸਨ। ਉਸ ਸਮੇਂ ਅਜੇ ਟ੍ਰੈਕਟਰ ਦੀ ਕਾਢ ਨਹੀਂ ਸੀ ਨਿਕਲੀ ਅਤੇ ਖੇਤੀਬਾੜੀ ਹਲਾਂ ਨਾਲ ਕੀਤੀ ਜਾਂਦੀ ਸੀ, ਜਿਨ੍ਹਾਂ ਅੱਗੇ ਬੈਲ, ਊਠ ਅਤੇ ਝੋਟੇ ਜੋਤੇ ਜਾਂਦੇ ਸਨ। ਖੇਤੀ ਕਰਨ ਲਈ ਸਾਡੇ ਬਹੁਤ ਸਾਰੇ ਕਾਮੇ ਕੰਮ ਕਰਨ ਆਉਂਦੇ ਸਨ ਅਤੇ ਉਨ੍ਹਾਂ ਕਾਮਿਆਂ ਵਿਚੋਂ ਹੀ ਕੁਝ ਡੰਗਰ ਵੱਛਾ ਸਾਂਭਣ ਲਈ ਘਰ ਵੀ ਆਇਆ ਕਰਦੇ ਸਨ, ਜੋ ਮੱਝਾਂ ਨੂੰ ਨਲ੍ਹਾਉਂਦੇ, ਉਨ੍ਹਾਂ ਦਾ ਚਾਰਾ ਹੱਥ ਵਾਲੀ ਟੋਕੇ ਦੀ ਮਸ਼ੀਨ ਨਾਲ ਕੁਤਰਦੇ ਅਤੇ ਉਨ੍ਹਾਂ ਨੂੰ ਸੰਨ੍ਹੀ (ਗੁਤਾਵਾ-ਸੰ.) ਕਰਦੇ। ਧਾਰਾਂ ਵੀ ਸਵੇਰੇ ਸ਼ਾਮ ਉਹ ਲੋਕ ਹੀ ਕੱਢਦੇ ਸਨ।

ਇੱਕ ਦਿਨ ਮੈਂ ਅਤੇ ਮੇਰਾ ਛੋਟਾ ਭਰਾ, ਡਾਂਡੋ, ਖੇਡਣ ਲਈ ਵਾੜੇ ਵਿੱਚ ਜਾਣ ਲੱਗੇ ਤਾਂ ਕਿਲੇ ਦੀ ਡਿਓੜ੍ਹੀ ਵਿਚ ਇਕ ਬੁੱਢਾ ਕੰਧ ਨਾਲ ਢੋਅ ਲਾਈ, ਸਿਰ ਪਿੱਛੇ ਸੁਟੀ, ਜ਼ਮੀਨ 'ਤੇ ਬੈਠਾ ਊਂਘ ਰਿਹਾ ਸੀ। ਉਸ ਨੇ ਵੈਸੇ ਤਾਂ ਚਿੱਟੀ ਕਮੀਜ਼ ਪਾਈ ਹੋਈ ਸੀ ਪਰ ਉਹ ਐਡੀ ਮੈਲੀ ਹੋ ਚੁੱਕੀ ਸੀ ਕਿ ਉਸ ਦਾ ਕੋਈ ਰੰਗ ਹੀ ਨਹੀਂ ਸੀ ਰਿਹਾ। ਉਸਦੇ ਅਗਲੇ ਬਟਣ ਖੁੱਲ੍ਹੇ ਸਨ — ਖੁੱਲ੍ਹੇ ਕਾਹਦੇ, ਅਸਲੋਂ ਹੀ ਟੁੱਟੇ ਹੋਏ ਸਨ। ਉਸਦਾ ਕੁੜਤਾ ਖੱਬੇ ਮੋਢੇ ਤੋਂ ਪਾਟਿਆ ਹੋਇਆ ਸੀ, ਜਿਸ ਵਿਚੋਂ ਉਸਦੀ ਕਾਲੀ ਫਟੀ ਹੋਈ ਚਮੜੀ ਝਾਤੀਆਂ ਮਾਰ ਰਹੀ ਸੀ। ਉਸਦੀ ਚਮੜੀ 'ਤੇ ਥਾਂ-ਥਾਂ ਝਰੀਟਾਂ ਜਿਹੀਆਂ ਪਈਆਂ ਹੋਈਆਂ ਸਨ ਜਿਨ੍ਹਾਂ ਵਿਚੋਂ ਕਿਤੇ ਕਿਤੇ ਥੋੜ੍ਹਾ ਥੋੜ੍ਹਾ ਖ਼ੂਨ ਸਿੰਮਿਆ ਹੋਇਆ ਸੀ, ਜਿਵੇਂ ਕਿਤੇ ਕੰਡਿਆਂ ਵਾਲੀਆਂ ਝਾੜੀਆਂ ਵਿਚੋਂ ਲੰਘ ਕੇ ਆਇਆ ਹੋਵੇ (ਪਰ ਹੁਣ ਮੈਨੂੰ ਜਾਪਦਾ ਏ ਕਿ ਉਸਦੀ ਖਲੜੀ ਖ਼ੁਸ਼ਕੀ ਕਾਰਨ ਪਾਟ ਗਈ ਹੋਣੀ ਏ)। ਉਸਨੇ ਸਿਰ ਉੱਪਰ ਇੱਕ ਮੈਲਾ ਰਿਹਾ ਪਟਕਾ ਬੇਤਰਤੀਬੀ ਨਾਲ ਲਪੇਟਿਆ ਹੋਇਆ ਸੀ ਜਿਸ ਦਾ ਇੱਕ ਲੜ ਸੱਜੇ ਮੋਢੇ ਦੇ ਅੱਗੇ ਲਟਕ ਰਿਹਾ ਸੀ (ਸ਼ਾਇਦ ਉਹ ਖਬਚੂਸੀ)। ਉਸ ਦੀ ਕਰੜਬਰੜੀ ਦਾੜ੍ਹੀ (ਜਿਸ ਵਿਚ ਬਹੁਤੇ ਚਿੱਟੇ ਵਾਲ ਸਨ) ਉਸਦੇ ਖੁੱਲ੍ਹੇ ਗਲਾਵੇਂ ਕਰਕੇ ਨੰਗੀ ਛਾਤੀ ਨੂੰ ਕੁਝ ਕੁ ਢਕ ਰਹੀ ਸੀ। ਉਸ ਦੇ ਹੱਥ ਵਿਚ ਮੈਲੇ ਜਿਹੇ ਪੋਣੇ ਵਿਚ ਕੁਝ ਲਪੇਟਿਆ ਹੋਇਆ ਸੀ ਅਤੇ ਉਸਦੇ ਦੋਵੇਂ ਹੱਥ ਝੋਲੀ ਵਿਚ ਰੱਖੇ ਹੋਏ ਸਨ। ਅਸੀਂ ਦੋਵੇਂ ਬੁਢੇ ਨੂੰ ਵੇਖ ਕੇ ਚੌਂਕ ਜਿਹੇ ਗਏ। ਡਾਂਡੋ ਨੇ ਕਿਹਾ "ਆਹ ਵੇਖ ਕੌਣ ਬੈਠਾ!" ਮੈਂ ਗ਼ੌਰ ਨਾਲ ਵੇਖਿਆ ਅਤੇ ਉਸ ਨੂੰ ਪਛਾਣ ਕੇ ਕਿਹਾ, "ਇਹ ਤਾਂ ਮੀਹਾਂ ਹੈ, ਆਪਣਾ ਸੀਰੀ ਹੁੰਦਾ ਸੀ।" "ਲੱਗਦਾ ਐ ਇਹ ਮਰ ਗਿਐ," ਡਾਂਡੋ ਨੇ ਕਿਹਾ। "ਐਵੇਂ ਨਾ ਮਾਰੀ ਜਾ, ਵੇਖ ਤਾਂ ਸਹੀ, ਇਹ ਸਾਹ ਲੈ ਰਿਹੈ, ਸੁੱਤਾ ਪਿਆ ਏ," ਮੈਂ ਬੋਲੀ। "ਤਾਂ ਫੇਰ ਇਹ ਇਓਂ ਨਢਾਲ ਜਿਹਾ ਕਿਉਂ ਏ?" ਡਾਂਡੋ ਨੇ ਪੁਛਿਆ। "ਬਚਾਰਾ ਕਿੰਨਾ ਬੁੱਢਾ ਹੋ ਗਿਆ, ਕੰਮ ਕਰ ਕੇ ਥੱਕ ਗਿਆ ਹੋਣੈਂ," ਮੈਂ ਜੁਆਬ ਦਿੱਤਾ।

ਐਨੇ ਵਿਚ ਡਾਂਡੋ ਦੀ ਨਿਗ੍ਹਾ ਉਸਦੇ ਪੋਣੇ ਉਤੇ ਪਈ ਅਤੇ ਉਸ ਨੇ ਹੌਲੀ ਜਿਹੀ ਮੇਰੇ ਕੰਨ ਵਿਚ ਕਿਹਾ, "ਆਹ ਦੇਖ, ਇਹਦੇ ਹੱਥ ਵਿਚ ਕੀ ਏ?! ਇਸ ਨੇ ਜ਼ਰੂਰ ਕੋਈ ਸਾਡੀ ਚੀਜ਼ ਚੁਰਾਈ ਹੋਣੀ ਐਂ ਜਿਹੜੀ ਕੱਪੜੇ ਵਿਚ ਇਓਂ ਲਕੋਈ ਬੈਠਾ ਹੈ! ਚਲ ਪਾਪਾਜੀ ਕੋਲ ਇਸ ਦੀ ਸ਼ਿਕਾਇਤ ਲਗਾਈਏ ਤੇ ਇਸ ਚੋਰ ਨੂੰ ਕੁੱਟ ਪਵਾਈਏ!" ਮੈਂ ਕਿਹਾ, "ਤੈਨੂੰ ਤਾਂ ਸਾਰੇ ਚੋਰ ਹੀ ਵਖਾਈ ਦਿੰਦੇ ਨੇ, ਸਾਨੂੰ ਕੀ ਪਤਾ, ਇਹ ਆਪਣੇ ਘਰੋਂ ਕੁਝ ਲੈ ਕੇ ਆਇਆ ਹੋਵੇ? ਬਗੈਰ ਸਬੂਤ ਤੋਂ ਐਵੇਂ ਇਸ ਨੂੰ ਚੋਰ ਨਾ ਬਣਾਈ ਜਾ।" "ਤੈਨੂੰ ਨਹੀਂ ਪਤਾ, ਇਹ ਗਰੀਬ ਲੋਕ ਬੜੇ ਕਮੀਨੇ ਹੁੰਦੇ ਨੇ, ਚੋਰੀ ਤਾਂ ਇਨ੍ਹਾਂ ਦਾ ਪੇਸ਼ਾ ਏ, ਜਿਥੇ ਦਾਅ ਲੱਗਿਆ ਹੱਥ ਸਾਫ਼ ਕਰ ਦਿੰਦੇ ਨੇ!" ਡਾਂਡੋ ਨੇ ਆਪਣੀ ਦਲੀਲ ਪੇਸ਼ ਕੀਤੀ। ਮੈਂ ਕਿਹਾ, "ਗੱਲ ਤਾਂ ਤੇਰੀ ਠੀਕ ਏ, ਹੁਣ ਤਾਂ ਮੈਨੂੰ ਵੀ ਲਗਦੈ ਕਿ ਇਹਨੇ ਜ਼ਰੂਰ ਕੁਝ ਚੁਰਾਇਆ ਹੈ, ਤਾਂ ਹੀ ਇਸ ਨੂੰ ਲਕੋਈ ਬੈਠਾ ਹੈ! ਚੱਲ, ਪਾਪਾਜੀ ਨੂੰ ਦੱਸਣ ਤੋਂ ਪਹਿਲਾਂ, ਇਸੇ ਨੂੰ ਪੁੱਛ ਲੈਂਦੇ ਹਾਂ ਕਿ ਤੇਰੀ ਪੋਟਲੀ ਵਿਚ ਕੀ ਹੈ।" ਡਾਂਡੋ ਨੇ ਕਿਹਾ, "ਇਹ ਠੀਕ ਹੈ।" ਅਤੇ ਮੀਹੇਂ ਨੂੰ ਜਗਾਉਣ ਲਈ ਜ਼ੋਰ ਦੀ ਆਵਾਜ਼ ਮਾਰੀ। ਮੀਹਾਂ ਉਸ ਦੀ ਆਵਾਜ਼ ਸੁਣ ਕੇ ਤ੍ਰਭਕ ਕੇ ਉਠਿਆ ਅਤੇ ਉਸਦੇ ਹੱਥੋਂ ਪੋਟਲੀ ਛੁੱਟ ਕੇ ਭੁੰਜੇ ਡਿੱਗ ਗਈ ਅਤੇ ਉਸ ਵਿਚ ਲਿਪਟੀਆਂ ਦੋ ਬਾਜਰੇ ਦੀਆਂ ਰੁੱਖੀਆਂ ਰੋਟੀਆਂ ਮਿੱਟੀ ਉਪਰ ਜਾ ਡਿਗੀਆਂ। ਮੈਨੂੰ ਲੱਗਾ ਜਿਵੇਂ ਉਹ ਮੈਨੂੰ ਘੂਰ ਘੂਰ ਕੇ ਵੇਖ ਰਹੀਆਂ ਹੋਣ ਅਤੇ ਕਹਿ ਰਹੀਆਂ ਹੋਣ — ਆ ਗਿਆ ਯਕੀਨ ਕਿ ਮੀਹਾਂ ਚੋਰ ਨਹੀਂ! ਤੁਹਾਡੇ ਵਰਗੇ ਅਮੀਰਾਂ ਦੇ ਘਰ ਸਾਡੇ ਵਰਗੀਆਂ ਰੋਟੀਆਂ ਪੱਕਣੀਆਂ ਤਾਂ ਇੱਕ ਪਾਸੇ, ਵੇਖਣ ਨੂੰ ਵੀ ਨਹੀਂ ਮਿਲਦੀਆਂ — ਅਸੀਂ ਤਾਂ ਇਹਦੇ ਘਰੋਂ ਹੀ ਆਈਆਂ ਹਾਂ, ਤੁਹਾਡੇ ਘਰੋਂ ਚੁਰਾਈਆਂ ਨਹੀਂ ਗਈਆਂ। ਕੁਝ ਤਾਂ ਸ਼ਰਮ ਕਰੋ! ਜੇ ਗਰੀਬ ਨੂੰ ਖੁਆ ਨਹੀਂ ਸਕਦੇ ਤਾਂ ਘਟੋ ਘਟ ਉਹਦੇ ਪੇਟ 'ਤੇ ਲੱਤ ਤਾਂ ਨਾ ਮਾਰੋ। ਹੁਣ ਇਹ ਬਚਾਰਾ ਸਾਨੂੰ ਮਿੱਟੀ 'ਚ ਲਿਬੜੀਆਂ ਨੂੰ ਕਿੰਞ ਖਾਏਗਾ?"